# ਲਾਸ ਏਂਜਲਸ ਕਾਉਂਟੀ ਬਾਲਗਾਂ ਲਈ ਤਪਦਿਕ ਦੇ ਖਤਰੇ ਦਾ ਮੁਲਾਂਕਣ

- ਜਿਹਨਾਂ **ਬਾਲਗਾਂ** ਵਿੱਚ ਕੋਈ ਲੱਛਣ ਨਹੀਂ ਹਨ, ਉਹਨਾਂ ਦੀ ਪਛਾਣ ਕਰਨ ਲਈ ਟੀਬੀ ਇਨਫ਼ੈਕਸ਼ਨ ਦੀ ਜਾਂਚ ਵਾਸਤੇ ਇਸ ਟੂਲ ਦੀ ਵਰਤੋਂ ਕਰੋ
- ਦੁਬਾਰਾ ਜਾਂਚ ਸਿਰਫ਼ ਉਹਨਾਂ ਵਿਅਕਤੀਆਂ ਵਿੱਚ ਕੀਤੀ ਜਾਣੀ ਚਾਹੀਦੀ ਹੈ ਜਿਹਨਾਂ ਦਾ ਟੈਸਟ ਪਹਿਲਾਂ ਨੈਗੇਟਿਵ ਆਇਆ ਸੀ, ਅਤੇ ਜਿਹਨਾਂ ਵਿੱਚ ਆਖਰੀ ਮੁਲਾਂਕਣ ਤੋਂ ਬਾਅਦ ਜੋਖਮ ਦੇ **ਨਵੇਂ** ਕਾਰਕ ਹਨ
- ਟੀਬੀ ਦੇ ਲੱਛਣਾਂ ਜਾਂ ਕਿਰਿਆਸ਼ੀਲ ਟੀਬੀ ਦੀ ਬਿਮਾਰੀ ਨਾਲ ਮੇਲ ਖਾਂਦੇ ਛਾਤੀ ਦੇ ਅਸਧਾਰਨ ਐਕਸ-ਰੇ ਦੇ ਲਈ → ਟੀਬੀ ਦੀ ਕਿਰਿਆਸ਼ੀਲ ਬਿਮਾਰੀ ਲਈ ਮੁਲਾਂਕਣ ਕਰੋ

  *ਟੀਬੀ ਦੀ ਕਿਰਿਆਸ਼ੀਲ ਬਿਮਾਰੀ ਦੇ ਪੂਰੇ ਮੁਲਾਂਕਣ ਵਿੱਚ ਸ਼ਾਮਲ ਹਨ: ਲੱਛਣਾਂ ਦੀ ਜਾਂਚ, ਛਾਤੀ ਦਾ ਐਕਸ-ਰੇ, ਅਤੇ ਜੇ ਦੱਸਿਆ ਗਿਆ ਹੋਵੇ, ਤਾਂ ਥੁੱਕ ਦਾ AFB ਸਮੀਅਰ, ਕਲਚਰ, ਅਤੇ ਨਿਊਕਲਿਕ ਐਸਿਡ ਐਂਪਲਿਫ਼ਿਕੇਸ਼ਨ ਜਾਂਚ। ਇੱਕ ਨੈਗੇਟਿਵ ਟਿਊਬਰਕੁਲਿਨ ਚਮੜੀ ਦਾ ਟੈਸਟ ਜਾਂ ਇੰਟਰਫ਼ੇਰੋਨ ਗਾਮਾ ਰਿਲੀਜ਼ ਜਾਂਚ ਟੀਬੀ ਦੀ ਕਿਰਿਆਸ਼ੀਲ ਬਿਮਾਰੀ ਦੀ ਸੰਭਾਵਨਾ ਨੂੰ ਖਾਰਜ ਨਹੀਂ ਕਰਦੀ।*

ਹੇਠਾਂ ਢੁਕਵੇਂ ਜੋਖਮ ਕਾਰਕਾਂ ਵਾਲੇ ਖਾਨਿਆਂ 'ਤੇ ਸਹੀ ਦਾ ਨਿਸ਼ਾਨ ਲਗਾਓ।
ਜੇ ਹੇਠਾਂ ਦਿੱਤੇ 4 ਖਾਨਿਆਂ ਵਿੱਚੋਂ ਕਿਸੇ 'ਤੇ ਵੀ ਸਹੀ ਦਾ ਨਿਸ਼ਾਨ ਲਗਾਇਆ ਜਾਂਦਾ ਹੈ ਤਾਂ ਟੀਬੀ ਦੇ ਇਨਫ਼ੈਕਸ਼ਨ ਲਈ ਜਾਂਚ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।
ਜੇ ਟੀਬੀ ਦੇ ਇਨਫ਼ੈਕਸ਼ਨ ਦਾ ਨਤੀਜਾ ਪਾਜ਼ਿਟਿਵ ਹੈ ਅਤੇ ਕਿਰਿਆਸ਼ੀਲ ਟੀਬੀ ਦੀ ਬਿਮਾਰੀ ਨੂੰ ਖਾਰਜ ਕਰ ਦਿੱਤਾ ਜਾਂਦਾ ਹੈ, ਤਾਂ ਟੀਬੀ ਦੇ ਇਨਫ਼ੈਕਸ਼ਨ ਲਈ ਇਲਾਜ ਦੀ ਸਿਫਾਰਸ਼ ਕੀਤੀ ਜਾਂਦੀ ਹੈ।

☐ ਘੱਟੋ-ਘੱਟ 1 ਮਹੀਨੇ ਲਈ ਕਿਸੇ ਅਜਿਹੇ ਦੇਸ਼ ਵਿੱਚ **ਜਨਮ, ਸਫ਼ਰ ਜਾਂ ਰਿਹਾਇਸ਼** ਜਿੱਥੇ ਟੀਬੀ ਦੀ ਦਰ ਵੱਧ ਹੋਵੇ

- ਸੰਯੁਕਤ ਰਾਜ, ਕੈਨੇਡਾ, ਆਸਟ੍ਰੇਲੀਆ, ਨਿਊ ਜ਼ੀਲੈਂਡ, ਜਾਂ ਪੱਛਮੀ ਅਤੇ ਉੱਤਰੀ ਅਤੇ ਪੱਛਮੀ ਯੂਰਪੀ ਦੇਸ਼ਾਂ ਤੋਂ ਇਲਾਵਾ ਦੂਜੇ ਦੇਸ਼ ਸ਼ਾਮਲ ਹਨ
- ਜੇ ਸਰੋਤਾਂ ਨੂੰ ਇਸ ਗਰੁੱਪ ਦੇ ਅੰਦਰ **ਤਰਜੀਹ ਦੇਣ** ਦੀ ਲੋੜ ਹੋਵੇ, ਤਾਂ ਉਹਨਾਂ ਮਰੀਜ਼ਾਂ ਨੂੰ ਤਰਜੀਹ ਦਿਓ, ਜਿਹਨਾਂ ਵਿੱਚ ਬਿਮਾਰੀ ਵਧਣ ਦਾ ਘੱਟ ਤੋਂ ਘੱਟ ਇਕ ਡਾਕਟਰੀ ਜੋਖਮ ਹੋਵੇ (ਸੂਚੀ ਲਈ ਤੱਥਾਂ ਵਾਲੀ ਸ਼ੀਟ ਵੇਖੋ)
- ਸੰਯੁਕਤ ਰਾਜ ਵਿੱਚ ਪੈਦਾ ਨਹੀਂ ਹੋਏ ≥ 2 ਸਾਲ ਦੇ ਵਿਅਕਤੀਆਂ ਲਈ, ਟਿਊਬਰਕੁਲਿਨ ਚਮੜੀ ਦੇ ਟੈਸਟ ਦੇ ਮੁਕਾਬਲੇ ਇੰਟਰਫ਼ੇਰੋਨ ਗਾਮਾ ਰਿਲੀਜ਼ ਜਾਂਚ ਨੂੰ ਤਰਜੀਹ ਦਿੱਤੀ ਜਾਂਦੀ ਹੈ

☐ **ਇਮਿਊਨੋਸਪ੍ਰੈਸ਼ਨ**, ਮੌਜੂਦਾ ਜਾਂ ਯੋਜਨਾਬੱਧ

- HIV ਇਨਫ਼ੈਕਸ਼ਨ, ਅੰਗ ਟ੍ਰਾਂਸਪਲਾਂਟ ਪ੍ਰਾਪਤਕਰਤਾ, ਜਿਸ ਦਾ ਇਲਾਜ TNF-ਅਲਫ਼ਾ ਰੋਧੀ (ਉਦਾਹਰਣ ਲਈ, ਇਨਫ਼ਲਿਕਸਿਮੈਬ, ਏਟਾਨਰਸੈਪਟ, ਹੋਰ ਦਵਾਈਆਂ), ਪ੍ਰੈਡਨਿਸੋਨ ਦੇ ਬਰਾਬਰ ਸਟੀਰੌਇਡਾਂ ≥15 ਮਿ.ਗ੍ਰਾ. ≥1 ਮਹੀਨੇ ਲਈ ਜਾਂ ਇਮਿਊਨ ਸਿਸਟਮ ਨੂੰ ਦਬਾਉਣ ਵਾਲੀ ਕਿਸੇ ਹੋਰ ਦਵਾਈ ਨਾਲ ਕੀਤਾ ਗਿਆ ਹੈ

☐ ਟੀਬੀ ਦੀ ਲਾਗ ਵਾਲੀ ਬਿਮਾਰੀ ਤੋਂ ਪੀੜਤ ਕਿਸੇ ਵਿਅਕਤੀ ਨਾਲ ਕਿਸੇ ਵੀ ਸਮੇਂ **ਨੇੜਲਾ ਸੰਪਰਕ**

- ਰੋਗ ਨਿਯੰਤਰਣ ਅਤੇ ਰੋਕਥਾਮ ਲਈ ਕੇਂਦਰ (Centers for Disease Control and Prevention) ਇਹ ਇਸ਼ਾਰਾ ਕਰਦਾ ਹੈ ਕਿ ਸੰਪਰਕ ਵਿੱਚ ਆਏ ਵਿਅਕਤੀਆਂ ਦਾ ਮੁਲਾਂਕਣ ਅਤੇ ਲਾਗ ਤੋਂ ਪ੍ਰਭਾਵਤ ਹੋਏ ਸੰਪਰਕਾਂ ਦਾ ਇਲਾਜ ਯੂ.ਐੱਸ. ਦੀ ਟੀਬੀ ਦੇ ਖਾਤਮੇ ਦੀ ਕਾਰਜਨੀਤੀ ਦਾ ਇੱਕ ਅਹਿਮ ਹਿੱਸਾ ਹੈ

☐ **ਬੇਘਰੇਪਣ ਜਾਂ ਕੈਦ ਦਾ ਪਿਛੋਕੜ**

- ਯੂ. ਐੱਸ. ਰੋਕਥਾਮ ਸੇਵਾ ਟਾਸਕ ਫ਼ੋਰਸ (U.S. Preventive Service Task Force - USPSTF) ਇਸ ਅਧਾਰ 'ਤੇ ਟੀਬੀ ਇਨਫ਼ੈਕਸ਼ਨ ਦੇ ਹੋਰ ਜ਼ਿਆਦਾ ਖਤਰੇ ਵਿਚਲੀ ਅਬਾਦੀ ਦੀ ਜਾਂਚ ਕਰਨ ਦੀ ਸਿਫਾਰਸ਼ ਕਰਦੀ ਹੈ ਜੋ ਅਸਰ ਹੇਠ ਆਉਣ ਦੇ ਵਧੇ ਹੋਏ ਖਤਰੇ ਵਿੱਚ ਹਨ, ਇਸ ਵਿੱਚ ਉਹ ਵਿਅਕਤੀ ਵੀ ਸ਼ਾਮਲ ਹਨ ਜੋ ਉੱਚ-ਜੋਖਮ ਵਾਲੇ ਸਮੂਹਕ ਮਾਹੌਲ (ਉਦਾਹਰਣ ਲਈ ਬੇਘਰ ਲੋਕਾਂ ਦੇ ਸ਼ੈਲਟਰ ਅਤੇ ਸੁਧਾਰਕ ਸਹੂਲਤਾਂ) ਵਿੱਚ ਰਹੇ ਹਨ

☐ ਕੋਈ ਵੀ ਨਹੀਂ; ਇਸ ਸਮੇਂ ਕਿਸੇ ਟੀਬੀ ਜਾਂਚ ਦਾ ਸੰਕੇਤ ਨਹੀਂ ਦਿੱਤਾ ਗਿਆ ਹੈ।

| | |
|---|---|
| **ਪ੍ਰਦਾਤਾ:** ______________________ | **ਮਰੀਜ਼ ਦਾ ਨਾਮ:** ______________________ |
| **ਮੁਲਾਂਕਣ ਦੀ ਤਾਰੀਖ:** ______________________ | **ਜਨਮ ਦੀ ਤਾਰੀਖ:** ______________________ |
| | *(ਜੇ ਲਾਗੂ ਹੁੰਦਾ ਹੋਵੇ ਤਾਂ ਇੱਥੇ ਸਟਿੱਕਰ ਲਗਾਓ)* |

**ਇਸ ਟੂਲ ਨੂੰ ਵਰਤਣ ਬਾਰੇ ਵਧੇਰੇ ਜਾਣਕਾਰੀ** ਵਾਸਤੇ **ਲਾਸ ਏਂਜਲਸ ਕਾਉਂਟੀ ਦੀ ਬਾਲਗਾਂ ਵਾਸਤੇ ਤਪਦਿਕ ਜੋਖਮ ਮੁਲਾਂਕਣ ਬਾਰੇ ਉਪਯੋਗਕਰਤਾ ਗਾਈਡ** ਦੇਖੋ।

ਪ੍ਰਦਾਤਾਵਾਂ ਦੇ ਪੰਨੇ 'ਤੇ www.ctca.org 'ਤੇ ਉਪਲਬਧ ਕੈਲੀਫ਼ੋਰਨੀਆ ਤਪਦਿਕ ਜੋਖਮ ਮੁਲਾਂਕਣ ਤੋਂ LAC ਇਸਤੇਮਾਲ ਲਈ ਲੋੜ ਮੁਤਾਬਕ ਢਾਲਿਆ ਗਿਆ,
ਇਹ ਪੱਕਾ ਕਰਨ ਲਈ ਕਿ ਤੁਹਾਡੇ ਕੋਲ ਸਭ ਤੋਂ ਤਾਜ਼ਾ ਵਰਜ਼ਨ ਹੈ, ਇੱਥੇ ਜਾਓ http://publichealth.lacounty.gov/tb/providertoolkit.htm